# ਭਾਸ਼ਾ ਦੀ ਉੱਤਪੱਤੀ ਦੇ ਸਿਧਾਂਤ

ਮਨੁੱਖੀ ਸਮਾਜ ਦੇ ਵਿਕਾਸ ਦੇ ਸਿੱਟੇ ਵਜੋਂ ਹੀ ਉਸਦੀ ਸੱਭਿਆਚਾਰਕ, ਵਿਗਿਆਨਕ, ਬੌਧਿਕ ਤੇ ਤਕਨੀਕੀ ਉਨਤੀ ਸੰਭਵ ਹੋਈ ਹੈ। 20ਵੀਂ ਸਦੀ ਦੀ ਵਿਗਿਆਨਕ ਉਨਤੀ ਦੇ ਖੇਤਰ ਵਿੱਚ ਖਾਸ ਮਹੱਤਤਾ ਹੈ ਕਿਉਂਕਿ ਇਸ ਸਦੀ ਵਿੱਚ ਗਿਆਨ ਅਨੁਸ਼ਾਸ਼ਨ ਦੇ ਵੱਖ ਵੱਖ ਖੇਤਰਾਂ ਵਿੱਚ ਖੋਜ ਅਤੇ ਵਿਕਾਸ ਦਾ ਕਾਰਜ ਤੀਬਰ ਗਤੀ ਨਾਲ ਸੰਭਵ ਹੋ ਸਕਿਆ । ਮਨੁੱਖ ਨੇ ਆਪਣੀ ਜਗਿਆਸੂ ਬੁੱਧੀ ਸਦਕਾ ਹੀ ਹੋਰ ਗਿਆਨ ਅਨੁਸ਼ਾਸ਼ਨਾਂ ਵਾਂਗ ਭਾਸ਼ਾ ਦੇ ਇਤਿਹਾਸ ਦੇ ਸੰਬੰਧ ਵਿੱਚ ਵੀ ਮਹੱਤਵਪੂਰਨ ਸਿਧਾਂਤ ਦਿੱਤੇ ਹਨ ਕਿ ਭਾਸ਼ਾ ਕੀ ਹੈ? ਕਿਵੇਂ ਪੈਦਾ ਹੋਈ? ਕਦੇ ਪੈਂਦਾ ਹੈ? ਭਾਸ਼ਾ ਦੀ ਉਤਪਤੀ ਸੰਬੰਧੀ ਹੁਣ ਤੱਕ ਜੋ ਵੀ ਪ੍ਰਮੁੱਖ ਸਿਧਾਂਤ ਸਾਹਮਣੇ ਆਏ ਹਨ ਉਹ ਇਸ ਪ੍ਰਕਾਰ ਹਨ-

(1) **<u>ਦੈਵੀ ਉਤਪਤੀ ਦਾ ਸਿਧਾਂਤ</u>** - ਭਾਸ਼ਾ ਦੀ ਉਤਪਤੀ ਸੰਬੰਧੀ ਇਹ ਸਿਧਾਂਤ ਸਭ ਤੋਂ ਪੁਰਾਣਾ ਹੈ। ਇਸ ਖੇਤਰ ਵਿੱਚ ਯੂਨਾਨੀ ਅਤੇ ਭਾਰਤੀ ਰਿਸ਼ੀਆਂ ਦਾ ਮੁਢਲਾ ਯੋਗਦਾਨ ਹੈ। ਇਹ ਧਾਰਮਿਕ ਬਿਰਤੀ ਦਾ ਸਿਧਾਂਤ ਹੈ। ਇਸ ਦੇ ਸਮਰਥਕ ਵਿਦਵਾਨਾਂ ਦਾ ਮਤ ਹੈ ਕਿ ਭਾਸ਼ਾ ਪ੍ਰਮਾਤਮਾ ਦੀ ਦੇਣ ਹੈ। ਉਨਾਂ ਅਨੁਸਾਰ ਭਾਸ਼ਾ ਦੀ ਸਿਰਜਣਾ ਸ੍ਰਿਸ਼ਟੀ ਨੂੰ ਸਾਜਣ ਸਮੇਂ ਪ੍ਰਮਾਤਮਾ ਨੇ ਹੀ ਕਰ ਦਿੱਤੀ ਸੀ। ਪਰ ਅਜੋਕੇ ਸਮੇਂ ਵਿੱਚ ਇਸ ਸਿਧਾਂ ਨੂੰ ਅੰਧ ਵਿਸ਼ਵਾਸ਼ੀ ਅਤੇ ਅਵਿਗਿਆਨਕ ਕਿਹਾ ਜਾਂਦਾ ਹੈ ਕਿਉਂਕਿ ਕੁਦਰਤ ਨੇ ਮਨੁੱਖ ਨੂੰ ਸਿਰਫ ਉਚਾਰਨ ਅੰਗ ਦਿੱਤੇ ਹਨ।

(2) **<u>ਨਕਲ ਜਾਂ ਅਨੁਕਰਨ ਦਾ ਸਿਧਾਂਤ</u>**- ਮਨੁੱਖ ਅੰਦਰ ਸ਼ੁਰੂ ਤੋਂ ਹੀ ਨਕਲ ਕਰਨ ਦੀ ਪ੍ਰਵਿਰਤੀ ਪਾਈ ਜਾਂਦੀਭਾਸ਼ਾ ਦੀ ਪ੍ਰਕਿਰਤੀ ਅਤੇ ਉਤਪਤੀ ਦੇ ਸਿਧਾਂਤ ਹੈ। ਇਸ ਸਿਧਾਂਤ ਦੇ ਸਮਰਥਕ ਵਿਦਵਾਨਾ ਦਾ ਮਤ ਹੈ ਕਿ ਮਨੁੱਖ ਜਦੋਂ ਜੰਗਲੀ ਅਵਸਥਾ ਵਿੱਚ ਰਹਿੰਦਾ ਸੀ ਤਾਂ ਉਹ ਵੱਖ-ਵੱਖ ਪੰਛੀਆਂ ਅਤੇ ਪਸ਼ੂਆਂ ਦੀਆਂ ਆਵਾਜ਼ਾਂ ਦੀ ਨਕਲ ਕਰਨ ਲੱਗ ਪਿਆ । ਜਿਵੇਂ ਉਸਨੇ ਕਾਂ ਕਾਂ ਕਰਨ ਵਾਲੇ ਪੰਛੀ ਦਾ ਨਾਂ "ਕਾਂ" ਰੱਖ ਦਿੱਤਾ। ਇਸ ਪ੍ਰਕਾਰ ਭਾਸ਼ਾ ਵਿਕਸਤ ਹੁੰਦੀ ਗਈ। ਪਰ ਇਸ ਸਿਧਾਂਤ ਦਾ ਖੰਡਨ ਕਰਨ ਵਾਲੇ ਕਹਿੰਦੇ ਹਨ ਕਿ ਇਹ ਸੰਭਵ ਨਹੀਂ ਕਿ ਮਨੁੱਖ ਨੇ ਪਹਿਲਾਂ ਜਾਨਵਰਾਂ ਦੀ ਭਾਸ਼ਾ ਸਿੱਖੀ ਹੋਵੇ ਤੇ ਫਿਰ ਉਸਨੇ ਮਨੁੱਖੀ ਭਾਸ਼ਾ ਵਿਕਸਤ ਕੀਤੀ ਹੋਵੇ।

(3) **<u>ਧਾਤੂ ਸਿਧਾਂਤ</u>**- ਇਸ ਸਿਧਾਂਤ ਦੇ ਸਮਰਥਕ ਵਿਦਵਾਨਾਂ ਵਿੱਚ ਦੋ ਤਰਾਂ ਦੇ ਵਿਚਾਰ ਪਾਏ ਜਾਂਦੇ ਹਨ। ਕੁਝ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਪ੍ਰਮਾਤਮਾ ਨੇ ਮਨੁੱਖ ਨੂੰ ਕੁਝ ਧਾਤੂ ਧੁਨੀਆਂ ਦਿੱਤੀਆਂ ਸਨ। ਇਨ੍ਹਾਂ ਧਾਤੂਆਂ ਤੋਂ ਹੀ ਅੱਗੇ ਭਾਸ਼ਾਈ ਸ਼ਬਦਾਵਲੀ ਵਿਕਸਤ ਹੋਈ। ਕੁਝ ਵਿਦਵਾਨਾ ਦਾ ਇਹ ਮਤ ਹੈ ਕਿ ਆਦਿ ਮਾਨਵ ਨੂੰ ਪ੍ਰਮਾਤਮਾ ਨੇ ਅਜਿਹੀ ਦ੍ਰਿਬ-ਦ੍ਰਿਸ਼ਟੀ ਪ੍ਰਦਾਨ ਕੀਤੀ ਸੀ ਕਿ ਉਹ ਜਿਸ ਵੀ ਵਸਤੂ ਦੇ ਸੰਪਰਕ ਵਿੱਚ ਆਉਂਦਾ ਸੀ ਉਸਦੇ ਮੂੰਹੋਂ ਆਪਣੇ ਆਪ ਉਸਦਾ ਨਾਮਕਰਨ ਹੋ ਜਾਂਦਾ ਸੀ। ਪਰ ਇਹ ਸਿਧਾਂਤ ਵੀ ਅੰਧ ਵਿਸ਼ਵਾਸ਼ੀ ਮੰਨਿਆ ਜਾਂਦਾ ਹੈ।

(4**<u>) ਚਿੰਨ੍ਹਵਾਦੀ ਸਿਧਾਂਤ</u>**- ਇਸ ਸਿਧਾਂਤ ਅਨੁਸਾਰ ਪੁਰਾਣੇ ਸਮੇਂ ਵਿੱਚ ਮਨੁੱਖ ਕੋਲ ਅਜ ਲਿੱਪੀ ਵਿਕਸਤ ਨਹੀਂ ਹੋਈ ਸੀ। ਅਜਿਹੀ ਸਥਿਤੀ ਵਿੱਚ ਉਹ ਸੰਕੇਤਾਂ ਜਾਂ ਚਿੰਨਾਂ ਰਾਹੀਂ ਆਪਣੇ ਭਾਵ ਪ੍ਰਗਟ ਕਰਦਾ ਸੀ। ਪ੍ਰੰਤੂ ਇਨ੍ਹਾਂ ਚਿੰਨਾਂ ਜਾਂ

ਸੰਕੇਤਾਂ ਵਿੱਚ ਸਪੱਸ਼ਟਤਾ ਦੀ ਘਾਟ ਸੀ । ਇਸ ਅਸਪੱਸ਼ਟਤਾ ਨੂੰ ਦੂਰ ਕਰਨ ਲਈ ਉਸਨੇ ਭਾਸ਼ਾ ਨੂੰ ਵਿਕਸਤ ਕੀਤਾ। ਪ੍ਰੰਤੂ ਇਸ ਸਿਧਾਂਤ ਨੂੰ ਵੀ ਜਿਆਦਾ ਸਮਾਂ ਮਾਨਤਾ ਨਹੀਂ ਮਿਲ ਸਕੀ।

(5**) <u>ਭਾਵਨਾਵਾਂ ਦੇ ਪ੍ਰਗਟਾਵੇ ਜਾਂ ਮਨੋਵੇਗ ਦਾ ਸਿਧਾਂਤ</u>**- ਮਨੋਵਿਗਿਆਨੀਆਂ ਅਨੁਸਾਰ ਮਨੁੱਖੀ ਸਖਸ਼ੀਅਤ ਵਿੱਚ ਸਰੀਰਕ, ਸਮਾਜਕ, ਨੈਤਿਕ ਗੁਣਾਂ ਦੇ ਨਾਲ ਨਾਲ ਭਾਵੁਕ ਬਿਰਤੀ ਵੀ ਪ੍ਰਬਲ ਹੁੰਦੀ ਹੈ। ਮਨੁੱਖ ਜਦੋਂ ਵੀ ਕਿਸੇ ਖੁਸ਼ੀ, ਗਮੀ . ਜਾਂ ਹੈਰਾਨੀ ਦੀ ਸਥਿਤੀ ਵਿੱਚ ਹੁੰਦਾ ਹੈ ਤਾਂ ਸੁੱਤੇ ਸਿੱਧ ਹੀ ਉਸਦੇ ਮੂੰਹੋਂ ਕੁਝ ਭਾਵਨਾਵਾਂ ਸ਼ਬਦਾਂ ਜਾਂ ਧੁਨੀਆਂ ਦੇ ਰੂਪ ਵਿਚ ਨਿੱਕਲਦੀਆਂ ਹਨ ਜਿਵੇਂ ਵਾਹ ! ਕਿਆ । ਹਾਏ । ਉਹ ਆਦਿ। ਇੰਨਾਂ ਮਨੋਭਾਵਾਂ ਤੋਂ ਹੀ ਭਾਸ਼ਾ ਵਿਕਸਤ ਹੋਈ ਹੈ। ਪ੍ਰੰਤੂ ਇਸ ਸਿਧਾਂਤ ਦੀ ਅਲੋਚਨਾ ਇਸ ਪੱਖੋਂ ਕੀਤੀ ਜਾਂਦੀ ਹੈ ਕਿ ਇੰਨਾਂ ਵਿਸਮਿਕ ਸ਼ਬਦਾਂ ਦੀ ਗਿਣਤੀ ਹਰੇਕ ਭਾਸ਼ਾ ਵਿੱਚ ਬਹੁਤ ਹੀ ਤੁੱਛ ਮਾਤਰਾ ਵਿੱਚ ਹੁੰਦੀ ਹੈ ਜੋ ਕਿ ਸਮੁੱਚੀ ਭਾਸ਼ਾ ਦਾ ਆਧਾਰ ਨਹੀਂ ਮੰਨੇ ਜਾ ਸਕਦੇ ਹਨ।

(6<u>) ਮੌਖਿਕ ਸੰਕੇਤਾਤਮਕ ਸਿਧਾਂਤ</u>- ਇਸ ਸਿਧਾਂਤ ਅਨੁਸਾਰ ਭਾਸ਼ਾ ਦੀ ਉਤਪੱਤੀ ਮੌਖਿਕ ਸੰਕੇਤਾਤਮਕ ਕਿਰਿਆਵਾਂ ਦੇ ਅਨੁਕਰਨ ਤੋਂ ਮੰਨੀ ਜਾਂਦੀ ਹੈ। ਜਿਵੇਂ ਕਿ ਪਾਣੀ ਪੀਣ ਸਮੇਂ ਪਾਪਾ ਦੀ ਆਵਾਜ ਤੋਂ ਇਸਦਾ ਨਾਂ ਪਾਣੀ ਰੱਖ ਦਿੱਤਾ ਗਿਆ। ਪ੍ਰੰਤੂ ਵਿਦਵਾਨਾਂ ਅਨੁਸਾਰ ਅਜਿਹੀ ਪ੍ਰਵਿਰਤੀ ਮਨੁੱਖ ਦੀਨਹੀਂ ਸਗੋਂ ਪਸ਼ੂ ਦੀ ਹੋ ਸਕਦੀ ਹੈ।

(7) **<u>ਸੰਪਰਕ ਦਾ ਸਿਧਾਂਤ</u>**- ਇਤਿਹਾਸ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਜਿਵੇਂ ਜਿਵੇਂ ਮਨੁੱਖ ਜੰਗਲੀ ਜੀਨ ਤੋਂ ਉੱਠਕੇ ਕਬੀਲਾ ਮੁਖੀ, ਪਿੰਡ, ਸ਼ਹਿਰੀ ਸੰਪਰਕ ਵਿੱਚ ਆਉਂਦਾ ਗਿਆ ਉਵੇਂ ਉਵੇਂ ਹੀ ਉਸਨੇ ਦੂਜੇ ਵਿਅਕਤੀਆਂ ਨਾਲ ਸੰਪਰਕ ਕਾਇਮ ਕਰਨ ਲਈ ਭਾਸ਼ਾ ਨੂੰ ਵਿਕਸਤ ਕੀਤਾ। ਇਸ ਸਿਧਾਂਤ ਅਨੁਸਾਰ ਸਮੁੱਚੇ ਮਨੁੱਖੀ ਵਿਕਾਸ ਦਾ ਆਧਾਰ ਭਾਸ਼ਾ ਦਾ ਵਿਕਾਸ ਹੀ ਹੈ। ਇਸ ਸਿਧਾਂਤ ਨੂੰ ਮਨੋਵਿਗਿਆਨਕ ਆਧਾਰ ਉਪਰ ਭਾਸ਼ਾ ਦੇ ਰਾਜ ਸਪੱਸ਼ਟ ਕਰਨ ਲਈ ਤਾਂ ਉੱਚਿਤ ਮੰਨਿਆ ਗਿਆ ਹੈ ਪਰ ਭਾਸ਼ਾ ਦੀ ਉਤਪਤੀ ਸੰਬੰਧੀ ਕੋਈ ਠੋਸ ਜਾਣਕਾਰੀ ਨਹੀਂ ਦਿੰਦਾ ਹੈ।

(8) **<u>ਵਿਕਾਸਵਾਦੀ ਸਿਧਾਂਤ-</u>** ਭਾਸ਼ਾ ਦੀ ਉੱਤਪਤੀ ਸਬੰਧੀ ਵੱਖ ਵੱਖ ਸਿਧਾਂਤਾਂ ਵਿੱਚੋਂ ਵਿਕਾਸਵਾਦੀ ਸਿਧਾਂਤ ਨੂੰ ਹੀ ਬਹੁਤੀ ਮਾਨਤਾ ਮਿਲੀ ਹੈ। ਇਸ ਸਿਧਾਂਤ ਅਨੁਸਾਰ ਮਨੁੱਖੀ ਵਿਕਾਸ ਦੇ ਸਿੱਟੇ ਵਜੋਂ ਜਿਵੇਂ ਜਿਵੇਂ ਮਨੁੱਖ ਇੱਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਗਏ ਉਵੇਂ ਹੀ ਉਨਾਂ ਨੇ ਸੰਚਾਰ ਲਈ ਕੁਝ ਧੁਨੀਆਂ ਵਿਕਸਤ ਕਰਨੀਆਂ ਸ਼ੁਰੂ ਕੀਤੀਆਂ। ਇਨ੍ਹਾਂ ਵਿੱਚ ਹੌਲੀ ਹੌਲੀ ਸਾਰਥਕ ਧੁਨੀਆਂ ਨੂੰ ਛੋਟਿਆ ਗਿਆ ਅਤੇ ਉਨਾਂ ਦੇ ਸਮੂਹ ਕ ਭਾਸ਼ਾ ਦਾ ਜਨਮ ਹੋਇਆ। ਸਮਾਜਿਕ ਅਤੇ ਭੂਗੋਲਿਕ ਵੱਖਰੇਵਿਆਂ ਕਾਰਨ ਵੱਖ ਵੱਖ ਥਾਵਾਂ ਉਤੇ ਭਾਸ਼ਾ ਦੇ ਕਈ ਰੂਪ ਬਣਦੇ ਗਏ ਉਹ ਅਲੱਗ ਅਲੱਗ ਵਿਕਸਤ ਹੁੰਦੀਆਂ ਗਈਆਂ । ਅਜੋਕੇ ਸਮੇਂ ਵਿਚ ਵਿਦਵਾਨਾਂ ਦੀ ਵੀ ਇ ਰਾਏ ਹੈ ਕਿ ਅੱਜ ਸੰਸਾਰ ਵਿਚ ਜੋ 3500 ਦੇ ਕਰੀਬ ਭਾਸ਼ਾਵਾਂ ਬੋਲੀਆਂ ਜਾਂਦੀਆ ਹਨ। ਉਹਨਾਂ ਸਾਰੀਆਂ ਭਾਸ਼ਾਵਾਂ ਦਾ ਸਾਂਝਾ ਮੂਲ ਸਰੋਤ ਭਾਰਤੀ ਯੂਰਪੀ ਭਾਸ਼ਾ ਪਰਿਵਾਰ ਨੂੰ ਮੰਨਿਆ ਗਿਆ ਹੈ।

**ਅਭਿਆਸ**

ਪ੍ਰਸ਼ਨ -ਭਾਸ਼ਾ ਦੀ ਉੱਤਪਤੀ ਦੇ ਸਿਧਾਂਤਾਂ 'ਤੇ ਸੰਖੇਪ ਚਰਚਾ ਕਰੋ।

S.D.
S.D. COLLEGE OF EDUCATION, BNL.
KNOWLEDGE IS VISION SUPREME
ज्ञानं चक्षुर्मनुष्याणाम